HFW-HLH5012A/8/2023-5H5

I/607841/2023

**ਪੰਜਾਬ ਸਰਕਾਰ**

**ਸਿਹਤ ਤੇ ਪਰਿਵਾਰ ਭਲਾਈ ਵਿਭਾਗ**

**(ਸਿਹਤ-5 ਸ਼ਾਖਾ)**

ਮਿਤੀ, ਚੰਡੀਗੜ੍ਹ:27.07.2023
28.07.2023

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ, ਡਵੀਜਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼, ਜਿਲ੍ਹਾ ਅਤੇ ਸੈਸ਼ਨ ਜੱਜ,
ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ, ਫਰੀਦਕੋਟ ਅਤੇ ਪਟਿਆਲਾ।

ਵਿਸ਼ਾ:- **ਰਾਜ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਅਤੇ ਪੈਨਸ਼ਨਰਾਂ ਤੇ ਉਨ੍ਹਾਂ ਦੇ ਆਸ਼ਰਿਤਾ ਨੂੰ ਮੈਡੀਕਲ ਖਰਚੇ ਦੀ ਪ੍ਰਤੀ-ਪੂਰਤੀ ਕਰਨ ਸਬੰਧੀ ਵਿੱਤੀ ਅਧਿਕਾਰਾਂ ਦਾ ਵਿਕੇਂਦਰੀਕਰਣ ਕਰਨ ਸਬੰਧੀ।**

****

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਸਰਕਾਰ ਦੇ ਪੱਤਰ ਨੰ: 21/47/2009-5ਸਿ5/333 ਮਿਤੀ 12 ਮਈ, 2022 ਰਾਹੀਂ ਜਾਰੀ ਹਦਾਇਤਾਂ ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਪੱਤਰ ਨੰ:21/47/2009-5ਸਿ5/1210 ਮਿਤੀ 24 ਜੂਨ, 2010 ਦੇ ਪੈਰਾ ਨੰ: 1(ੲ) ਵਿੱਚ ਦਰਜ ਉਪਬੰਧ ਵਿੱਚ ਹੇਠ ਅਨੁਸਾਰ ਸੋਧ ਕੀਤੀ ਗਈ ਸੀ :-

ਪੰਜਾਬ ਰਾਜ ਅਤੇ ਚੰਡੀਗੜ੍ਹ ਵਿਖੇ ਸਥਿਤ ਹਸਪਤਾਲਾਂ ਵਿੱਚ ਇਲਾਜ ਲਈ ਜਿਲ੍ਹੇ ਦੇ ਸਿਵਲ ਸਰਜਨ ਜਿਲ੍ਹਾ ਮੈਡੀਕਲ ਬੋਰਡ ਦੀ ਪ੍ਰਵਾਨਗੀ ਨਾਲ 50,000/- ਰੁਪਏ ਤੱਕ ਦੇ ਬਿੱਲ ਵੈਰੀਫਾਈ ਕਰ ਸਕਣਗੇ। 50,000/- ਰੁਪਏ ਤੋਂ ਉੱਪਰ ਦੇ ਸਾਰੇ ਮੈਡੀਕਲ ਬਿੱਲ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਲੋਂ ਜਿਲ੍ਹਾ ਮੈਡੀਕਲ ਬੋਰਡ ਦੀ ਪ੍ਰਵਾਨਗੀ ਨਾਲ ਵੈਰੀਫਾਈ ਕੀਤੇ ਜਾਣਗੇ। (ਹੈਡਕੁਆਟਰ ਦੇ ਕਰਮਚਾਰੀਆਂ ਲਈ ਡਾਇਰੈਕਟੋਰੇਟ ਵਿਖੇ ਵੱਖਰਾ ਮੈਡੀਕਲ ਬੋਰਡ ਸਥਾਪਿਤ ਕੀਤਾ ਹੋਇਆ ਹੈ)"

2. ਹੁਣ ਸਰਕਾਰ ਵੱਲੋਂ ਮਾਮਲੇ ਨੂੰ ਮੁੜ ਵਿਚਾਰਦੇ ਹੋਏ ਉਕਤ ਉਪਬੰਧ ਵਿੱਚ ਆਂਸ਼ਿਕ ਸੋਧ ਕਰਨ ਦਾ ਫੈਸਲਾ ਲਿਆ ਗਿਆ ਹੈ ਜਿਸ ਅਨੁਸਾਰ ਜਿਲ੍ਹੇ ਦੇ ਸਿਵਲ ਸਰਜਨ ਜਿਲ੍ਹਾ ਮੈਡੀਕਲ ਬੋਰਡ ਦੀ ਪ੍ਰਵਾਨਗੀ ਨਾਲ 1,00,000/- ਰੁਪਏ ਤੱਕ ਦੇ ਬਿੱਲ ਵੈਰੀਫਾਈ ਕਰ ਸਕਣਗੇ। 1,00,000/- ਰੁਪਏ ਤੋਂ ਉੱਪਰ ਦੇ ਸਾਰੇ ਮੈਡੀਕਲ ਬਿੱਲ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਲੋਂ ਜਿਲ੍ਹਾ ਮੈਡੀਕਲ ਬੋਰਡ ਦੀ ਪ੍ਰਵਾਨਗੀ ਨਾਲ ਵੈਰੀਫਾਈ ਕੀਤੇ ਜਾਣਗੇ। (ਹੈਡਕੁਆਟਰ ਦੇ ਕਰਮਚਾਰੀਆਂ ਲਈ ਡਾਇਰੈਕਟੋਰੇਟ ਵਿਖੇ ਵੱਖਰਾ ਮੈਡੀਕਲ ਬੋਰਡ ਸਥਾਪਿਤ ਕੀਤਾ ਹੋਇਆ ਹੈ)

3. ਇਹ ਹਦਾਇਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ।

4. ਇਹ ਹਦਾਇਤਾਂ ਵਿੱਤ ਵਿਭਾਗ ਦੇ ਪੱਤਰ ਨੰ:FD-FP-10MEPY(MEDR)/2/2023-4FP1 /599797/2023 ਮਿਤੀ 17.07.2023 ਰਾਹੀਂ ਪ੍ਰਾਪਤ ਪ੍ਰਵਾਨਗੀ/ਸਹਿਮਤੀ ਉਪਰੰਤ ਜਾਰੀ ਕੀਤੀਆਂ ਜਾਂਦੀਆਂ ਹਨ।

ਵਿਸ਼ਵਾਸ਼ਪਾਤਰ

ਸਕੱਤਰ, ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
28.07.2023

ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰਾਂ, ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ, ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਸੇਵਾ ਵਿਖੇ,

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ: HFW-HLH5012A/8/2023-5H5/ I/607841/2023 ਮਿਤੀ, ਚੰਡੀਗੜ੍ਹ:27.07.2023 28.07.2023

ਪਿੱ:ਅੰ:ਨੰ: HFW-HLH5012A/8/2023-5H5/ I/607841/2023 ਮਿਤੀ, ਚੰਡੀਗੜ੍ਹ:27.07.2023 28.07.2023

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਗ੍ਰਹਿ ਸਕੱਤਰ, ਕੇਂਦਰੀ ਸ਼ਾਸ਼ਤ ਪ੍ਰਦੇਸ਼, ਚੰਡੀਗੜ੍ਹ।
2. ਡਾਇਰੈਕਟਰ, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ-32, ਚੰਡੀਗੜ੍ਹ।
3. ਡਾਇਰੈਕਟਰ, ਆਲ ਇੰਡੀਆ ਇਨਸਟੀਚਿਊਟ ਆਫ ਮੈਡੀਕਲ ਸਾਇੰਸਜ, ਨਵੀਂ ਦਿੱਲੀ।
4 ਡਾਇਰੈਕਟਰ, ਪੀ.ਜੀ.ਆਈ.ਐਮ.ਈ.ਆਰ ਚੰਡੀਗੜ੍ਹ।
5. ਮਹਾਂਲੇਖਾਕਾਰ, (ਲੇਖਾ ਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।
6. ਮਹਾਂਲੇਖਾਕਾਰ, (ਆਡਿਟ) ਪੰਜਾਬ, ਚੰਡੀਗੜ੍ਹ।
7. ਅਕਾਊਂਟੈਂਟ ਜਨਰਲ (ਰੈਵੀਨਿਊ) ਪੰਜਾਬ, ਪੰਜਾਬ ਭਵਨ, ਨਵੀਂ ਦਿੱਲੀ।
8. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
9. ਡਾਇਰੈਕਟਰ, ਪੈਨਸ਼ਨ ਅਤੇ ਪੈਨਸ਼ਨਰਜ ਭਲਾਈ, ਪੰਜਾਬ, ਚੰਡੀਗੜ੍ਹ।
10. ਡਾਇਰੈਕਟਰ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ।
11. ਰਾਜ ਦੇ ਸਮੂਹ ਸਿਵਲ ਸਰਜਨ।
12. ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰ।

ਸਕੱਤਰ, ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ